# ਆਸਟ੍ਰੇਲੀਆ ਨੇ ਭਾਰਤ ਨੂੰ 7 ਵਿਕਟਾਂ ਨਾਲ ਹਰਾਇਆ

ਪਰਥ, 19 ਅਕਤੂਬਰ (ਏਜੰਸੀ)- ਕਪਤਾਨ ਮਿਸ਼ੇਲ ਮਾਰਸ਼ ਦੇ ਪ੍ਰਦਰਸ਼ਨ ਸਦਕਾ ਮੇਜ਼ਬਾਨ ਆਸਟ੍ਰੇਲੀਆ ਨੇ ਅੱਜ ਮੀਂਹ ਪ੍ਰਭਾਵਿਤ ਪਹਿਲੇ ਇਕ ਦਿਨਾ 'ਚ ਭਾਰਤ ਨੂੰ 7 ਵਿਕਟਾਂ ਨਾਲ ਹਰਾ ਕੇ ਤਿੰਨ ਮੈਚਾਂ ਦੀ ਲੜੀ 'ਚ ਬੜਤ ਹਾਸਲ ਕੀਤੀ। ਮੀਂਹ ਕਾਰਨ ਤਿੰਨ ਵਾਰ ਰੁਕੇ ਮੈਚ ਨੂੰ 26-26 ਓਵਰਾਂ 'ਤੇ ਸੀਮਤ ਕਰ ਦਿੱਤਾ ਗਿਆ ਸੀ। ਭਾਰਤ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 26 ਓਵਰਾਂ 'ਚ 9 ਵਿਕਟਾਂ ਗੁਆ ਕੇ 136 ਦੌੜਾਂ ਬਣਾਈਆਂ। ਆਸਟ੍ਰੇਲੀਆ ਨੇ ਟੀਚੇ ਨੂੰ 21.1 ਓਵਰਾਂ 'ਚ ਪੂਰਾ ਕਰ ਲਿਆ। ਡਕਵਰਥ-ਲੁਇਸ-ਸਟਰਨ (ਡੀ. ਐਲ. ਐਸ.) ਵਿਧੀ ਤਹਿਤ 131 ਦੌੜਾਂ ਦਾ ਸੋਧਿਆ ਹੋਇਆ ਟੀਚਾ ਰੱਖਦਿਆਂ ਆਸਟ੍ਰੇਲੀਆ ਨੇ ਇਸ ਨੂੰ 21.1 ਓਵਰਾਂ 'ਚ ਪੂਰਾ ਕਰ ਲਿਆ। ਕਪਤਾਨ ਮਿਸ਼ੇਲ ਮਾਰਸ਼ ਨੇ 52 ਗੇਂਦਾਂ 'ਤੇ ਨਾਬਾਦ 46 ਦੌੜਾਂ ਬਣਾਈਆਂ। ਵਿਕਟਕੀਪਰ ਜੋਸ਼ ਫਿਲਿਪ 37 ਦੌੜਾਂ ਬਣਾ ਕੇ ਆਊਟ ਹੋ ਗਿਆ। ਮੈਟ ਰੇਸ਼ਾਅ ਨੇ ਨਾਬਾਦ 21 ਦੌੜਾਂ ਬਣਾਈਆਂ। ਇਸ ਤੋਂ ਪਹਿਲਾਂ ਵਿਰਾਟ ਕੋਹਲੀ ਤੇ ਰੋਹਿਤ ਸ਼ਰਮਾ ਭਾਰਤ ਨੂੰ ਚੰਗੀ ਸ਼ੁਰੂਆਤ ਦੇਣ ਵਿਚ ਨਾਕਾਮ ਰਹੇ। ਰਾਹੁਲ 38 ਦੌੜਾਂ ਅਤੇ ਅਕਸਰ 31 ਦੌੜਾਂ ਬਣਾ ਕੇ ਆਊਟ ਹੋ ਗਏ। ਨਿਤਿਸ਼ ਰੈਡੀ ਨੇ 19 ਦੌੜਾਂ ਦੀ ਅਜੇਤੂ ਪਾਰੀ ਖੇਡੀ। ਮੀਂਹ ਕਾਰਨ ਤਿੰਨ ਵਾਰ ਖੇਡ ਰੋਕਣੀ ਪਈ। ਪਹਿਲਾਂ ਮੈਚ 35-35 ਓਵਰ ਅਤੇ ਫਿਰ 26-26 ਓਵਰ ਦਾ ਕਰ ਦਿੱਤਾ ਗਿਆ।



ਆਸਟ੍ਰੇਲੀਆ ਦੇ ਮਿਸ਼ਲ ਮਾਰਸ਼ ਜਿੱਤ ਹਾਸਿਲ ਕਰਨ ਤੋਂ ਬਾਅਦ ਸਾਥੀ ਖਿਡਾਰੀ ਨਾਲ ਖੁਸ਼ੀ ਸਾਂਝੀ ਕਰਦੇ ਹੋਏ।




# ਸਮੁੰਦਰ ਪਾਰ ਕਰਦੇ ਸਮੇਂ ਕਿਸ਼ਤੀ ਪਲਟ ਜਾਣ ਕਾਰਨ ਜਲੰਧਰ ਦੇ ਨੌਜਵਾਨ ਦੀ ਮੌਤ

ਬਰੇਸ਼ੀਆ, 19 ਅਕਤੂਬਰ (ਬਲਦੇਵ ਸਿੰਘ ਬੂਰੇ ਜੱਟਾਂ)-ਪਿੰਡ ਭਟਨੂਰਾ ਲੁਬਾਣਾ ਜ਼ਿਲ੍ਹਾ ਜਲੰਧਰ ਦਾ ਅਰਵਿੰਦਰ ਸਿੰਘ ਪੁੱਤਰ ਅਮਰਜੀਤ ਸਿੰਘ, ਜਿਹੜਾ ਕਿ ਪਿਛਲੇ ਸੱਤ ਸਾਲਾਂ ਤੋਂ ਫਰਾਂਸ 'ਚ ਰਹਿ ਰਿਹਾ ਸੀ, ਦੀ ਇੰਗਲੈਂਡ ਜਾਣ ਦੀ ਚਾਹਤ 'ਚ ਜਾਨ ਚਲੀ ਗਈ ਹੈ। ਪਿਛਲੇ ਦਿਨੀਂ ਹੋਏ ਇਸ ਹਾਦਸੇ ਸੰਬੰਧੀ ਸੰਸਥਾ ਔਰ-ਡਾਨ ਦੇ ਪ੍ਰਬੰਧਕ ਇਕਬਾਲ ਸਿੰਘ ਭੱਟੀ ਅਤੇ ਰਾਜੀਵ ਚੀਮਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹ ਇੰਗਲੈਂਡ ਜਾਣ ਲਈ ਕਿਸ਼ਤੀ 'ਚ ਆਪਣੇ ਹੋਰਨਾਂ ਸਾਥੀਆਂ (ਗਿਣਤੀ ਤਕਰੀਬਨ 80) ਨਾਲ ਅਣਪਛਾਤੇ ਰਸਤੇ ਰਾਹੀਂ ਸਮੁੰਦਰ ਪਾਰ ਕਰ ਰਿਹਾ ਸੀ। ਇਹ ਟਿਊਬ ਰੂਪੀ ਕਿਸ਼ਤੀ ਪੰਦਰਾਂ ਕੁ ਕਿਲੋਮੀਟਰ ਦਾ ਰਸਤਾ ਤੈਅ ਕਰਕੇ ਪਲਟ ਗਈ। ਰਾਹਤ ਟੀਮ ਨੇ ਫੁਰਤੀ ਦਿਖਾਉਂਦੇ ਹੋਏ ਵੀਹਾਂ ਕੁ ਮਿੰਟਾਂ ਦੇ ਵਕਫ਼ੇ ਵਿਚ ਹੀ 77 ਜਣਿਆਂ ਨੂੰ ਤਾਂ ਬਚਾਅ ਲਿਆ, ਜਦਕਿ ਉਪਰੋਕਤ ਪੰਜਾਬੀ ਸਮੇਤ ਦੋ ਹੋਰ ਵਿਦੇਸ਼ੀਆਂ ਨੂੰ ਬਚਾਇਆ ਨਹੀਂ ਜਾ ਸਕਿਆ। ਹਾਦਸਾ ਹੋਣ ਦੇ ਬਾਅਦ ਸੰਸਥਾ ਦੇ ਅਹੁਦੇਦਾਰਾਂ ਵਲੋਂ ਕੀਤੀ ਮੁਸ਼ੱਕਤ ਉਪਰੰਤ ਅਰਵਿੰਦਰ ਸਿੰਘ ਬਾਰੇ ਮਿਲੀ ਮੁਕੰਮਲ ਜਾਣਕਾਰੀ ਅਨੁਸਾਰ ਇਸ ਨੌਜੁਆਨ ਦੀ ਮ੍ਰਿਤਕ ਦੇਹ ਪੈਰਿਸ ਤੋਂ 360 ਕਿਲੋਮੀਟਰ ਦੂਰ ਸਮੁੰਦਰ ਕੰਢੇ ਬਣੇ ਹੋਏ ਸਰਕਾਰੀ ਮੁਰਦਾ ਘਰ ( ਲਿੱਲ ਸ਼ਹਿਰ ) ਵਿਖੇ ਪਈ ਹੋਈ ਹੈ। ਮ੍ਰਿਤਕ ਦੇਹ ਨੂੰ ਹੁਣ ਭਾਰਤ ਉਸ ਦੇ ਪਰਿਵਾਰਕ ਮੈਂਬਰਾਂ ਤੱਕ ਪਹੁੰਚਾਉਣ ਵਾਸਤੇ ਕਾਗਜ਼ੀ ਕਾਰਵਾਈਆਂ ਸੰਸਥਾ ਦੇ ਪ੍ਰਬੰਧਕਾਂ ਵਲੋਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ।


ਅਰਵਿੰਦਰ ਸਿੰਘ ਦੀ ਪੁਰਾਣੀ ਤਸਵੀਰ


ਅਯੁੱਧਿਆ ਦੇ ਰਾਮਪਥ ਵਿਖੇ 'ਦੀਪਉਤਸਵ-2025' ਦੇ ਜਸ਼ਨਾਂ ਮੌਕੇ ਸ਼ੋਭਾ ਯਾਤਰਾ 'ਚ ਹਿੱਸਾ ਲੈਂਦੀਆਂ ਮਹਿਲਾ ਕਲਾਕਾਰ।

## ਮਹਿਲਾ ਵਿਸ਼ਵ ਕੱਪ

# ਭਾਰਤ ਨੂੰ ਹਰਾ ਕੇ ਇੰਗਲੈਂਡ ਸੈਮੀਫ਼ਾਈਨਲ 'ਚ

ਇੰਦੌਰ, 19 ਅਕਤੂਬਰ (ਏਜੰਸੀ)- ਇਥੇ ਆਈ.ਸੀ.ਸੀ. ਮਹਿਲਾ ਵਿਸ਼ਵ ਕੱਪ ਦੇ ਮੈਚ ਵਿਚ ਅੱਜ ਇੰਗਲੈਂਡ ਨੇ ਭਾਰਤ ਨੂੰ ਚਾਰ ਦੌੜਾਂ ਨਾਲ ਹਰਾ ਦਿੱਤਾ। ਇਹ ਭਾਰਤੀ ਟੀਮ ਦੀ ਲਗਾਤਾਰ ਤੀਸਰੀ ਹਾਰ ਹੈ, ਜਦੋਂ ਕਿ ਇੰਗਲੈਂਡ ਨੇ ਇਸ ਜਿੱਤ ਨਾਲ ਸੈਮੀਫਾਈਨਲ 'ਚ ਥਾਂ ਪੱਕੀ ਕਰ ਲਈ ਹੈ। ਪਹਿਲਾਂ ਬੱਲੇਬਾਜ਼ੀ ਕਰਦਿਆਂ ਇੰਗਲੈਂਡ ਨੇ ਨਿਰਧਾਰਤ 50 ਓਵਰਾਂ ਵਿਚ 8 ਵਿਕਟਾਂ ਦੇ ਨੁਕਸਾਨ 'ਤੇ 288 ਦੌੜਾਂ ਬਣਾਈਆਂ ਪਰ ਭਾਰਤੀ ਟੀਮ 50 ਓਵਰਾਂ ਵਿਚ 6 ਵਿਕਟਾਂ ਦੇ ਨੁਕਸਾਨ ਨਾਲ 284 ਦੌੜਾਂ ਹੀ ਬਣਾ ਸਕੀ। ਇਸ ਤੋਂ ਪਹਿਲਾਂ ਇੰਗਲੈਂਡ ਵਲੋਂ ਹੀਥਰ ਨਾਈਟ ਨੇ ਸੈਂਕੜਾ ਜੜਿਆ ਤੇ ਸਭ ਤੋਂ ਵੱਧ 109 ਦੌੜਾਂ ਬਣਾਈਆਂ। ਐਮੀ ਜੋਨਸ ਨੇ ਵੀ 56 ਦੌੜਾਂ ਨਾਲ ਚੰਗਾ ਯੋਗਦਾਨ ਪਾਇਆ। ਨੈੱਟ ਸ਼ੀਵਰ 38 ਦੌੜਾਂ ਅਤੇ ਟੈਮੀ ਬਿਊਮੌਂਟ 22 ਦੌੜਾਂ ਬਣਾ ਕੇ ਆਊਟ ਹੋ ਗਈਆਂ। ਚਾਰਲੀ ਡੀਨ ਨੇ ਅਜੇਤੂ 19 ਦੌੜਾਂ ਦੀ ਪਾਰੀ ਖੇਡੀ। ਭਾਰਤ ਵਲੋਂ ਦੀਪਤੀ ਸ਼ਰਮਾ ਨੇ 4 ਵਿਕਟਾਂ ਜਦੋਂ ਕਿ ਸ਼੍ਰੀ ਚਾਰਾਨੀ ਨੇ 2 ਵਿਕਟਾਂ ਹਾਸਿਲ ਕੀਤੀਆਂ। ਭਾਰਤ ਵਲੋਂ ਬੱਲੇਬਾਜ਼ੀ ਕਰਦਿਆਂ ਸਮ੍ਰਿਤੀ ਮੰਧਾਨਾ ਨੇ 88 ਦੌੜਾਂ ਦਾ ਯੋਗਦਾਨ ਪਾਇਆ। ਇਸ ਤੋਂ ਇਲਾਵਾ ਕਪਤਾਨ ਹਰਮਨਪ੍ਰੀਤ ਕੌਰ ਨੇ 70 ਦੌੜਾਂ ਤੇ ਦੀਪਤੀ ਸ਼ਰਮਾ ਨੇ 50 ਦੌੜਾਂ ਬਣਾਈਆਂ। ਹਰਲੀਨ ਦਿਓਲ 24 ਦੌੜਾਂ ਬਣਾ ਕੇ ਆਊਟ ਹੋ ਗਈ।



ਇੰਗਲੈਂਡ ਦੀ ਹੀਥਰ ਨਾਈਟ ਸੈਂਕੜਾ ਬਣਾਉਣ ਤੋਂ ਬਾਅਦ ਦਰਸ਼ਕਾਂ ਦਾ ਸਵਾਗਤ ਕਬੂਲਦੀ ਹੋਈ।

# ਕੈਨੇਡਾ ਊਰਜਾ ਸਪਲਾਈ ਲਈ ਅਜੇ ਭਰੋਸੇਯੋਗ ਭਾਈਵਾਲ ਨਹੀਂ-ਭਾਰਤੀ ਰਾਜਦੂਤ

## ਕਿਹਾ, ਅਜਿਹੇ ਦੇਸ਼ 'ਚ ਮੈਨੂੰ ਸੁਰੱਖਿਆ ਦੀ ਲੋੜ ਨਹੀਂ ਪੈਣੀ ਚਾਹੀਦੀ

ਟੋਰਾਂਟੋ, 19 ਅਕਤੂਬਰ (ਸਤਪਾਲ ਸਿੰਘ ਜੌਹਲ)- ਭਾਰਤ ਤੇ ਕੈਨੇਡਾ ਵਿਚਕਾਰ ਬੀਤੇ ਦੋ ਕੁ ਸਾਲਾਂ ਦੌਰਾਨ ਖਰਾਬ ਰਹੇ ਕੂਟਨੀਤਕ ਸੰਬੰਧਾਂ ਨੂੰ ਦੁਬਾਰਾ ਲੀਹ 'ਤੇ ਲਿਆਉਣ ਲਈ ਦੋਵਾਂ ਦੇਸ਼ਾਂ ਵਲੋਂ ਦੂਰੀਆਂ ਨੂੰ ਨਜ਼ਦੀਕੀਆਂ 'ਚ ਬਦਲਣ ਲਈ 4 ਕੁ ਮਹੀਨਿਆਂ ਤੋਂ ਯਤਨ ਜਾਰੀ ਹਨ। ਕੈਨੇਡਾ ਵਿਚ ਬੀਤੇ ਮਹੀਨੇ ਭਾਰਤ ਦੇ ਨਵੇਂ ਨਿਯੁਕਤ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਨੇ ਕੈਨੇਡਾ 'ਚ ਰਾਸ਼ਟਰੀ ਪੱਧਰ ਦੇ ਮੀਡੀਆ ਨਾਲ਼ ਗੱਲਬਾਤ ਸ਼ੁਰੂ ਕੀਤੀ ਹੈ ਤੇ ਸੀ.ਟੀ.ਵੀ. ਨਾਲ ਇਕ ਮੁਲਾਕਾਤ 'ਚ ਉਨ੍ਹਾਂ ਆਖਿਆ ਕਿ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਬਿਆਨਾਂ ਤੋਂ ਬਾਅਦ ਵਿਗੜੇ ਹਾਲਾਤ ਵਾਸਤੇ ਭਾਰਤ ਨਹੀਂ, ਕੈਨੇਡਾ ਜ਼ਿੰਮੇਵਾਰ ਹੈ। ਇਹ ਵੀ ਕਿ ਭਾਰਤੀ ਕੂਟਨੀਤਕਾਂ ਉਪਰ ਕੈਨੇਡਾ ਦੇ ਸਿੱਖ ਨਾਗਰਿਕਾਂ ਨੂੰ ਡਰਾਉਣ ਤੇ ਜਸੂਸੀ ਕਰਨ ਦੇ ਦੋਸ਼ ਲਗਾਉਣ ਤੋਂ ਬਾਅਦ ਕੈਨੇਡਾ ਸਰਕਾਰ ਨੇ ਅਜੇ ਤੱਕ ਠੋਸ ਸਬੂਤ ਮੁਹੱਈਆ ਨਹੀਂ ਕਰਵਾਏ। ਪਟਨਾਇਕ ਨੇ ਕਿਹਾ ਕਿ ਕੈਨੇਡਾ 'ਚ ਮੈਨੂੰ ਸੁਰੱਖਿਆ 'ਚ ਰਹਿਣਾ ਪੈਂਦਾ ਹੈ ਜਦ ਕਿ ਇਹੋ ਜਿਹੇ ਦੇਸ਼ ਵਿਚ ਮੈਨੂੰ ਸੁਰੱਖਿਆ ਦੀ ਲੋੜ ਨਹੀਂ ਹੋਣੀ ਚਾਹੀਦੀ। ਉਨ੍ਹਾਂ ਆਖਿਆ ਕਿ ਕੈਨੇਡਾ ਵਿਚ ਕੁਝ ਅਜਿਹੇ ਨਾਗਰਿਕ ਹਨ ਜੋ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਪੈਦਾ ਕਰਨ ਲਈ ਜ਼ਿੰਮੇਵਾਰ ਹਨ, ਜਿਸ ਕਰਕੇ ਭਾਰਤ ਨੂੰ ਦੋਸ਼ੀ ਨਹੀਂ ਕਿਹਾ ਜਾ ਸਕਦਾ। ਭਾਰਤ ਵਲੋਂ ਕੈਨੇਡਾ ਤੋਂ ਊਰਜਾ, ਖਾਸ ਤੌਰ 'ਤੇ ਤੇਲ ਅਤੇ ਗੈਸ ਖਰੀਦਣ ਬਾਰੇ ਪਟਨਾਇਕ ਨੇ ਕਿਹਾ ਕਿ ਕੈਨੇਡਾ ਅਜੇ ਭਰੋਸੇਯੋਗ ਸਪਲਾਇਰ ਨਹੀਂ ਹੈ। ਉਨ੍ਹਾਂ ਆਖਿਆ ਕਿ ਭਾਰਤ ਨੂੰ ਭਰੋਸੇਯੋਗ ਵਪਾਰਕ ਭਾਈਵਾਲ ਚਾਹੀਦੇ ਹਨ। ਭਾਰਤ ਅਤੇ ਕੈਨੇਡਾ ਵਿਚਕਾਰ ਖੁੱਲ੍ਹੇ ਵਪਾਰਕ ਸਮਝੌਤੇ ਲਈ ਗੱਲਬਾਤ ਮੁੜ ਸ਼ੁਰੂ ਕਰਨ ਬਾਰੇ ਪਟਨਾਇਕ ਨੇ ਦੱਸਿਆ ਕਿ ਇਹ ਕੈਨੇਡਾ ਸਰਕਾਰ 'ਤੇ ਨਿਰਭਰ ਹੈ ਕਿਉਂਕਿ ਉਨ੍ਹਾਂ ਨੇ ਗੱਲਬਾਤ ਬੰਦ ਕੀਤੀ ਸੀ।


ਕੈਨੇਡਾ 'ਚ ਭਾਰਤ ਦੇ ਰਾਜਦੂਤ ਦਿਨੇਸ਼ ਪਟਨਾਇਕ।

# ਪਰਿਨੀਤੀ ਚੋਪੜਾ ਤੇ ਰਾਘਵ ਚੱਢਾ ਮਾਤਾ-ਪਿਤਾ ਬਣੇ

ਮੁੰਬਈ, 19 ਅਕਤੂਬਰ (ਏਜੰਸੀ)- ਪੰਜਾਬ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਅਤੇ ਬਾਲੀਵੁੱਡ ਅਦਾਕਾਰਾ ਪ੍ਰਨਿਤੀ ਚੋਪੜਾ ਦੇ ਘਰ ਬੇਟੇ ਨੇ ਜਨਮ ਲਿਆ ਹੈ। ਇਹ ਜਾਣਕਾਰੀ ਰਾਘਵ ਚੱਢਾ ਨੇ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ। ਜਾਣਕਾਰੀ ਅਨੁਸਾਰ ਪ੍ਰਨਿਤੀ ਚੋਪੜਾ ਦਿੱਲੀ ਦੇ ਹਸਪਤਾਲ 'ਚ ਦਾਖ਼ਲ ਹਨ, ਜਿਥੇ ਉਨ੍ਹਾਂ ਨੇ ਬੇਟੇ ਨੂੰ ਜਨਮ ਦਿੱਤਾ। ਜ਼ਿਕਰਯੋਗ ਹੈ ਕਿ ਰਾਘਵ ਚੱਢਾ ਅਤੇ ਪ੍ਰਨਿਤੀ ਚੋਪੜਾ ਦਾ ਵਿਆਹ ਸਤੰਬਰ 2023 ਨੂੰ ਰਾਜਸਥਾਨ ਦੇ ਉਦੇਪੁਰ 'ਚ ਹੋਇਆ ਸੀ। ਰਾਘਵ ਤੇ ਪ੍ਰਨਿਤੀ ਨੇ ਸੋਸ਼ਲ ਮੀਡੀਆ 'ਤੇ ਪੋਸਟ ਸਾਂਝੀ ਕਰਕੇ ਦੱਸਿਆ ਕਿ ਆਖਿਰਕਾਰ ਸਾਡਾ ਬੇਟਾ ਆ ਗਿਆ ਹੈ, ਸਾਨੂੰ ਸੱਚ 'ਚ ਇਹ ਯਾਦ ਹੀ ਨਹੀਂ ਕਿ ਇਸ ਨੰਨ੍ਹੇ ਮਹਿਮਾਨ ਦੇ ਆਉਣ ਤੋਂ ਪਹਿਲਾਂ ਸਾਡੀ ਜ਼ਿੰਦਗੀ ਕਿਸ ਤਰ੍ਹਾਂ ਦੀ ਸੀ, ਸਾਡੀਆਂ ਬਾਹਾਂ ਭਰੀਆਂ ਹਨ ਤੇ ਸਾਡੇ ਦਿਲ ਉਸ ਤੋਂ ਵੀ ਜ਼ਿਆਦਾ ਭਰੇ ਹੋਏ ਹਨ। ਪਹਿਲਾਂ ਸਾਡੇ ਕੋਲ ਇਕ ਦੂਜੇ ਦਾ ਸਾਥ ਸੀ, ਹੁਣ ਸਾਡੇ ਕੋਲ ਸਭ ਕੁਝ ਹੈ। ਅੱਜ ਐਤਵਾਰ ਸਵੇਰੇ ਹੀ ਇਹ ਖਬਰ ਸਾਹਮਣੇ ਆਈ ਸੀ ਕਿ ਪ੍ਰਨਿਤੀ ਨੂੰ ਦਿੱਲੀ ਦੇ ਇਕ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਹੁਣ ਜਦੋਂ ਬੇਟੇ ਦੇ ਜਨਮ ਬਾਰੇ ਖ਼ੁਸ਼ਖਬਰੀ ਸਾਹਮਣੇ ਆਈ ਤਾਂ ਸੋਸ਼ਲ ਮੀਡੀਆ 'ਤੇ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗ ਗਿਆ।




ਗੁਹਾਟੀ ਦੇ ਨੈਸ਼ਨਲ ਸੈਂਟਰ ਆਫ਼ ਐਕਸੀਲੈਂਸ ਵਿਖੇ ਬੀ.ਡਬਲਯੂ.ਐਫ. ਵਿਸ਼ਵ ਜੂਨੀਅਰ ਚੈਂਪੀਅਨਸ਼ਿਪ 'ਚ ਚੀਨੀ ਤਾਈਪੇ ਦੇ ਹੰਗ ਬਿੰਗ ਫੂ ਅਤੇ ਚੋ ਯੁਨ ਐਨ ਦੇ ਖਿਲਾਫ ਮਿਕਸਡ ਡਬਲਜ਼ ਫਾਈਨਲ ਮੈਚ ਜਿੱਤਣ ਤੋਂ ਬਾਅਦ ਕੋਰੀਆ ਦੇ ਲੀ ਹਯੋਂਗ ਵੂ ਅਤੇ ਚੋਓਨ ਹਏ ਇਨ ਟਰਾਫ਼ੀ ਦੇ ਨਾਲ ਜਸ਼ਨ ਮਨਾਉਂਦੇ ਹੋਏ।

## ਵਿਸ਼ਵ ਜੂਨੀਅਰ ਚੈਂਪੀਅਨਸ਼ਿਪ

# ਤਨਵੀ ਨੂੰ ਚਾਂਦੀ ਨਾਲ ਕਰਨਾ ਪਿਆ ਸਬਰ

ਗੁਹਾਟੀ, 19 ਅਕਤੂਬਰ (ਏਜੰਸੀ)- ਭਾਰਤੀ ਸ਼ਟਲਰ ਤਨਵੀ ਸ਼ਰਮਾ ਦਾ ਬੀ.ਡਬਲਯੂ.ਐਫ. ਵਿਸ਼ਵ ਜੂਨੀਅਰ ਚੈਂਪੀਅਨਸ਼ਿਪ 'ਚ ਸੋਨ ਤਗਮਾ ਜਿੱਤ ਕੇ ਇਤਿਹਾਸ ਰਚਣ ਦਾ ਸੁਪਨਾ ਪੂਰਾ ਨਾ ਹੋਇਆ। ਇਥੇ ਅੱਜ ਮਹਿਲਾ ਸਿੰਗਲਜ਼ ਫਾਈਨਲ 'ਚ ਥਾਈਲੈਂਡ ਦੀ ਅਨਿਆਪਤ ਫਿਚਿਤਪ੍ਰੀਚਾਸਕ ਨੇ ਤਨਵੀ ਨੂੰ ਸਿੱਧੇ ਸੈਟਾਂ 'ਚ ਹਰਾ ਦਿੱਤਾ। ਭਾਰਤ ਨੂੰ 17 ਸਾਲਾਂ ਬਾਅਦ ਇਸ ਟੂਰਨਾਮੈਂਟ 'ਚ ਸੋਨ ਤਗਮਾ ਜਿੱਤਣ ਦੀ ਉਮੀਦ ਸੀ ਪਰ ਭਾਰਤੀ ਖਿਡਾਰਨ ਨੂੰ ਥਾਈ ਖਿਡਾਰਨ ਨੇ 7-15, 12-15 ਨਾਲ ਹਰਾ ਦਿੱਤਾ। ਇਸ ਤਰ੍ਹਾਂ ਤਨਵੀ ਨੂੰ ਚਾਂਦੀ ਦੇ ਤਗਮੇ ਨਾਲ ਸਬਰ ਕਰਨਾ ਪਿਆ। ਤਨਵੀ ਨੇ ਕਿਹਾ ਕਿ ਮੈਂ ਮੈਚ ਵਿਚ ਸਹਿਜ ਨਹੀਂ ਸੀ। ਮੈਂ ਮੈਚ ਦੀ ਸ਼ੁਰੂਆਤ ਤੋਂ ਹੀ ਬਹੁਤ ਗਲਤੀਆਂ ਕੀਤੀਆਂ। ਇਸ ਤੋਂ ਪਹਿਲਾਂ ਸਾਇਨਾ ਨੇਹਵਾਲ ਨੇ ਸਾਲ 2008 ਵਿਚ ਸੋਨ ਤਗਮਾ ਅਤੇ 2006 ਵਿਚ ਚਾਂਦੀ ਅਤੇ ਅਪਰਣਾ ਨੇ 1996 'ਚ ਚਾਂਦੀ ਦਾ ਤਗਮਾ ਹਾਸਲ ਕੀਤਾ ਸੀ।







# ਪਾਕਿ ਨੇ ਅਫ਼ਗਾਨਿਸਤਾਨ ਪ੍ਰਤੀ ਆਈ.ਸੀ.ਸੀ. ਦੇ ਇਕਜੁੱਟਤਾ ਵਾਲੇ ਬਿਆਨ ਦੀ ਨਿੰਦਾ ਕੀਤੀ

ਲਾਹੌਰ, 19 ਅਕਤੂਬਰ (ਏਜੰਸੀ)- ਪਾਕਿਸਤਾਨ ਦੇ ਸੰਘੀ ਸੂਚਨਾ ਮੰਤਰੀ ਅਤਾ ਤਰਾਰ ਨੇ ਅਫਗਾਨਿਸਤਾਨ 'ਚ ਤਿੰਨ ਕ੍ਰਿਕਟਰਾਂ ਦੀ ਮੌਤ 'ਤੇ ਅੰਤਰਰਾਸ਼ਟਰੀ ਕ੍ਰਿਕਟ ਕੌਂਸਲ (ਆਈ.ਸੀ.ਸੀ.) ਦੇ ਦਿੱਤੇ ਬਿਆਨ ਨੂੰ ਪੱਖਪਾਤੀ ਸੁਭਾਅ ਵਾਲਾ ਕਹਿੰਦੇ ਹੋਏ ਰੱਦ ਕਰ ਦਿੱਤਾ। ਆਈ.ਸੀ.ਸੀ. ਅਤੇ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਨੇ ਸਨਿਚਰਵਾਰ ਨੂੰ ਪਕਤਿਕਾ ਪ੍ਰਾਂਤ ਵਿਚ ਹੋਏ ਹਵਾਈ ਹਮਲੇ 'ਚ ਅਫ਼ਗਾਨਿਸਤਾਨ ਦੇ ਕ੍ਰਿਕਟਰਾਂ ਦੀ ਮੌਤ 'ਤੇ ਸ਼ੋਕ ਪ੍ਰਗਟ ਕੀਤਾ ਸੀ, ਪਰ ਬਿਆਨਾਂ 'ਚ ਪਾਕਿਸਤਾਨ ਦਾ ਜ਼ਿਕਰ ਨਹੀਂ ਕੀਤਾ ਸੀ। ਅਫਗਾਨਿਸਤਾਨ ਕ੍ਰਿਕਟ ਬੋਰਡ (ਏ.ਸੀ.ਬੀ.) ਵਲੋਂ ਅਗਲੇ ਮਹੀਨੇ ਪਾਕਿਸਤਾਨ 'ਚ ਹੋਣ ਵਾਲੀ ਤਿਕੋਣੀ ਲੜੀ ਤੋਂ ਆਪਣੀ ਟੀਮ ਵਾਪਸ ਲੈਣ ਦੇ ਫੈਸਲੇ ਤੋਂ ਬਾਅਦ ਪ੍ਰਬੰਧਕੀ ਸੰਸਥਾਵਾਂ ਨੇ ਇਹ ਪ੍ਰਤੀਕਿਰਿਆ ਦਿੱਤੀ ਹੈ। ਪਾਕਿਸਤਾਨ ਕ੍ਰਿਕਟ ਬੋਰਡ ਨੇ ਬਾਅਦ ਵਿਚ ਐਲਾਨ ਕੀਤਾ ਸੀ ਕਿ ਉਹ ਤਿਕੋਣੀ ਲੜੀ ਲਈ ਅਫਗਾਨਿਸਤਾਨ ਦੀ ਥਾਂ ਜ਼ਿੰਬਾਬਵੇ ਨੂੰ ਸ਼ਾਮਿਲ ਕਰੇਗਾ, ਜਿਸ ਵਿਚ ਸ਼੍ਰੀਲੰਕਾ ਵੀ ਸ਼ਾਮਿਲ ਹੈ। ਤਰਾਰ ਨੇ ਕਿਹਾ ਕਿ ਅਸੀਂ ਆਈ.ਸੀ.ਸੀ. ਦੇ ਇਸ ਬਿਆਨ ਨੂੰ ਖਾਰਜ ਕਰਦੇ ਹਾਂ ਅਤੇ ਨਿੰਦਾ ਕਰਦੇ ਹਾਂ ਜੋ ਇਹ ਦਾਅਵਾ ਕਰਦਾ ਹੈ ਕਿ ਪਾਕਿਸਤਾਨ ਦੇ ਹਮਲਿਆਂ ਵਿਚ ਤਿੰਨ ਅਫਗਾਨ ਕ੍ਰਿਕਟਰ ਮਾਰੇ ਗਏ। ਉਨ੍ਹਾਂ ਕਿਹਾ ਕਿ ਆਈ.ਸੀ.ਸੀ. ਨੇ ਅਫਗਾਨਿਸਤਾਨ ਬੋਰਡ ਦੇ ਦਾਅਵਿਆਂ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਕਰਨ ਦੀ ਖੇਚਲ ਨਹੀਂ ਕੀਤੀ ਅਤੇ ਪਾਕਿਸਤਾਨ ਹਮਲੇ ਦਾ ਦਾਅਵਾ ਕਰਨ ਵਾਲਾ ਬਿਆਨ ਜਾਰੀ ਕੀਤਾ। ਮੰਤਰੀ ਨੇ ਕਿਹਾ ਕਿ ਪਾਕਿਸਤਾਨ ਖੁਦ ਸਾਲਾਂ ਤੋਂ ਅੱਤਵਾਦ ਦਾ ਸ਼ਿਕਾਰ ਰਿਹਾ ਹੈ ਅਤੇ ਆਈ.ਸੀ.ਸੀ. ਤੋਂ ਆਪਣਾ ਬਿਆਨ ਠੀਕ ਕਰਨ ਦੀ ਮੰਗ ਕੀਤੀ।




# ਪਰਿਵਾਰ ਦੇ 4 ਜੀਆਂ ਦੀ ਹੱਤਿਆ ਕਰਨ ਦੇ ਮਾਮਲੇ 'ਚ ਦੋਸ਼ੀ ਨੂੰ ਲਾਇਆ ਜ਼ਹਿਰ ਦਾ ਟੀਕਾ

ਸੈਕਰਾਮੈਂਟੋ, 19 ਅਕਤੂਬਰ (ਹੁਸਨ ਲੜੋਆ ਬੰਗਾ)- 30 ਸਾਲ ਪਹਿਲਾਂ ਫੋਨਿਕਸ (ਐਰੀਜ਼ੋਨਾ) ਸ਼ਹਿਰ ਦੇ ਇਕ ਪਰਿਵਾਰ ਦੇ 4 ਜੀਆਂ ਦੀ ਹੱਤਿਆ ਦੇ ਮਾਮਲੇ 'ਚ ਮੌਤ ਦੀ ਸਜ਼ਾ ਪ੍ਰਾਪਤ 55 ਸਾਲਾ ਰਿਚਰਡ ਕੈਨਥ ਡਜਰਫ ਨੂੰ ਜ਼ਹਿਰ ਦਾ ਟੀਕਾ ਲਾ ਦਿੱਤਾ ਗਿਆ। ਐਰੀਜ਼ੋਨਾ ਰਾਜ ਵਿਚ ਇਸ ਸਾਲ ਦਿੱਤੀ ਗਈ ਇਹ ਦੂਸਰੀ ਮੌਤ ਦੀ ਸਜ਼ਾ ਹੈ। ਡਜਰਫ ਨੇ ਚੋਰੀ ਕੀਤੇ ਸਾਮਾਨ ਦਾ ਬਦਲਾ ਲੈਣ ਲਈ ਪਰਿਵਾਰ ਦੇ 4 ਜੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ, ਜਿਨ੍ਹਾਂ 'ਚ ਪਤੀ-ਪਤਨੀ ਅਲਬਰਟ ਲੂਨਾ ਸੀਨੀਅਰ ਅਤੇ ਪੈਟਰਿਸੀਆ ਲੂਨਾ, ਉਨ੍ਹਾਂ ਦੀ ਧੀ ਰੋਸ਼ਲੇ ਲੂਨਾ (18) ਤੇ ਪੁੱਤਰ ਡੈਮੀਨ ਲੂਨਾ (5) ਸ਼ਾਮਿਲ ਸਨ। ਡਜਰਫ ਨੂੰ ਜ਼ਹਿਰ ਦਾ ਟੀਕਾ ਲਾ ਕੇ ਸਜ਼ਾ ਦਿੱਤੀ ਗਈ। ਡਜਰਫ ਜੋ ਪਿਛਲੇ 29 ਸਾਲ ਤੋਂ ਜੇਲ ਵਿਚ ਸੀ, ਨੇ ਰਹਿਮ ਦੀ ਅਪੀਲ ਕਰਨ ਤੋਂ ਨਾਂਹ ਕਰ ਦਿੱਤੀ ਸੀ। ਐਰੀਜ਼ੋਨਾ ਦੇ ਅਟਾਰਨੀ ਜਨਰਲ ਕ੍ਰਿਸ ਮੇਅਸ ਜਿਸ ਦੇ ਦਫਤਰ ਨੇ ਸੁਣਵਾਈ ਦੌਰਾਨ ਫਾਂਸੀ ਦੀ ਸਜ਼ਾ ਉਪਰ ਜ਼ੋਰ ਦਿੱਤਾ ਸੀ, ਨੇ ਕਿਹਾ ਕਿ ਪੀੜਤ 4 ਨਿਰਦੋਸ਼ਾਂ ਨੂੰ ਇਨਸਾਫ਼ ਮਿਲਣਾ ਜ਼ਰੂਰੀ ਸੀ ਤੇ ਆਖਰਕਾਰ ਇਨਸਾਫ ਹੋਇਆ ਹੈ।


ਰਿਚਰਡ ਕੈਨਥ ਡਜਰਫ

